**Class-XII**

**Drawing and Painting**

# ਡਰਾਇੰਗ ਅਤੇ ਚਿੱਤਰਕਲਾ

## ਪ੍ਰਸ਼ਨ ਪੱਤਰ ਦੀ ਰੂਪਰੇਖਾ

**ਸਮਾਂ : 8 ਘੰਟੇ** **ਪ੍ਰਯੋਗੀ:80 ਅੰਕ**

**ਅੰਤਰਿਕ ਮੁਲਾਂਕਣ:20 ਅੰਕ**

**ਕੁੱਲ:100 ਅੰਕ**

ਨੋਟ : ਇਹ ਪੇਪਰ ਪੂਰਨ ਪ੍ਰਯੋਗੀ ਹੈ ਅਤੇ ਪ੍ਰਯੋਗੀ ਪ੍ਰੀਖਿਅਕ ਰਾਹੀਂ ਬੋਰਡ ਵੱਲੋਂ ਨਿਯਤ ਡੇਟਸ਼ੀਟ ਅਨੁਸਾਰ ਲਿਆ ਜਾਵੇਗਾ।

| | ਸਮਾਂ | ਸ਼ੈਸ਼ਨ |
|---|---|---|
| ਪਹਿਲਾ ਪੇਪਰ | 4 ਘੰਟੇ | ਸਵੇਰ |
| ਦੂਜਾ ਪੇਪਰ | 4 ਘੰਟੇ | ਸ਼ਾਮ |

1. ਇਹ ਪੇਪਰ ਪ੍ਰਯੋਗੀ ਡੇਟ ਸ਼ੀਟ ਅਨੁਸਾਰ ਪ੍ਰਯੋਗੀ ਪ੍ਰੀਖਿਅਕਾਂ ਵੱਲੋਂ ਲਿਆ ਜਾਵੇਗਾ। ਪਹਿਲੇ ਸਵੇਰ ਦੇ ਸ਼ੈਸ਼ਨ ਵਿੱਚ ਸਕੈਚਿੰਗ, ਫੁੱਲਾਂ ਦੀ ਚਿੱਤਰਕਾਰੀ, ਡਿਜ਼ਾਇਨ ਦਾ ਪੇਪਰ ਲਿਆ ਜਾਵੇਗਾ। ਇਸਦਾ ਸਮਾਂ ਚਾਰ ਘੰਟੇ ਹੋਵੇਗਾ। ਕੋਈ ਇੱਕ ਪ੍ਰਸ਼ਨ ਕਰਨਾ ਹੋਵੇਗਾ। ਇਸਦੇ 40 ਅੰਗ ਹੋਣਗੇ।
2. ਸ਼ਾਮ ਦੇ ਸ਼ੈਸ਼ਨ ਵਿੱਚ ਮਾਡਲ ਡਰਾਇੰਗ (Still Life) ਦਾ ਪੇਪਰ ਹੋਵੇਗਾ। ਮਾਡਲ ਪ੍ਰਯੋਗੀ ਪ੍ਰੀਖਿਅਕਾਂ ਵੱਲੋਂ ਸੈੱਟ ਕੀਤਾ ਜਾਵੇਗਾ। ਮਾਡਲ ਦੇ ਪਿੱਛੇ ਡਰਾਪਰੀ (ਪਰਦਾ) ਸੈੱਟ ਕੀਤੀ ਜਾਵੇਗੀ। ਮਾਡਲ ਦਾ ਸਮਾਨ ਕੇਂਦਰ ਕੰਟਰੋਲਰ ਵੱਲੋਂ ਉਪਲਬੱਧ ਕਰਵਾਇਆ ਜਾਵੇਗਾ। ਇਸਦਾ ਸਮਾਂ ਚਾਰ ਘੰਟੇ ਹੋਵੇਗਾ। ਇਸ ਦੇ 40 ਅੰਕ ਹੋਣਗੇ।
3. ਸਾਰੇ ਪੇਪਰ ਦਾ ਮੁਲਾਂਕਣ ਕਰਕੇ ਪ੍ਰਯੋਗੀ ਪ੍ਰੀਖਿਅਕ ਨੰਬਰ ਸੂਚੀਆਂ ਅਧਿਕਾਰੀਆਂ ਨੂੰ ਆਪਣੇ ਹਸਤਾਖਰ ਕਰਕੇ ਭੇਜੇਗਾ।

ਨੋਟ: ਡਰਾਇੰਗ ਸ਼ੀਟਾਂ ਅਤੇ ਪੇਟਿੰਗ ਦਾ ਹੋਰ ਸਾਰਾ ਸਮਾਨ ਪ੍ਰੀਖਿਆਰਥੀ ਖੁਦ ਨਾਲ ਲੈ ਕੇ ਆਵੇਗਾ।